

# ਪੰਜਾਬ ਅਨੁਸੂਚਿਤ ਜਾਤੀ ਤੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਵਿਭਾਗ

ਪੰਜਾਬ ਅਨੁਸੂਚਿਤ ਜਾਤੀ ਤੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਵਿਭਾਗ

ਇਹ ਦਫ਼ਤਰ ਪੰਜਾਬ ਅਨੁਸੂਚਿਤ ਜਾਤੀਆਂ ਭੌ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਕੋਠੀ ਨੰ: 354 ਬਸੰਤ ਵਿਹਾਰ, ਨਜ਼ਦੀਕ ਸੈਂਟਰਲ ਜੇਲ੍ਹ, ਹੁਸ਼ਿਆਰਪੁਰ ਵਿਖੇ ਸਥਿਤ ਹੈ। ਇਸ ਦਫ਼ਤਰ ਦਾ ਮੁੱਖੀ ਜ਼ਿਲ੍ਹਾ ਮੈਨੇਜਰ ਹੁੰਦਾ ਹੈ। ਇਹ ਕਾਰਪੋਰੇਸ਼ਨ ਜਿਹੜੀ ਕਿ ਮਿਤੀ 18 ਅਗਸਤ 1971 ਤੋਂ ਹੋਂਦ ਵਿਚ ਆਈ, ਲਗਾਤਾਰ ਪੰਜਾਬ ਦੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਕੋਈ ਨਵਾਂ ਧੰਦਾ/ਕਿੱਤਾ ਚਾਲੂ ਕਰਨ ਲਈ ਆਮਦਨ ਦੇ ਸਾਧਨ ਵਧਾਉਣ ਅਤੇ ਉਹਨਾਂ ਦੀ ਮਾਲੀ ਹਾਲਤ ਸੁਧਾਰਨ ਲਈ ਹੇਠ ਲਿਖੀਆਂ ਸਕੀਮਾਂ ਰਾਹੀਂ ਵਿਆਜ ਤੇ ਕਰਜ਼ਾ ਜਾਂ ਸਬਸਿਡੀ ਸਹਿਤ ਕਰਜ਼ਾ ਦੇ ਕੇ ਸਹਾਇਤਾ ਕਰ ਰਹੀ ਹੈ:-

**ਬੈਂਕਾਂ ਰਾਹੀਂ ਕਰਜ਼ਾ (ਬੈਕਟਾਹ.ਅਪ ਸਕੀਮ)**

ਕਾਰਪੋਰੇਸ਼ਨ ਵਲੋਂ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਲਾਹੇਵੰਦ ਧੰਦੇ/ਕਿੱਤੇ ਸ਼ੁਰੂ ਕਰਨ ਲਈ 35000/- ਰੁਪਏ ਤੱਕ ਕਰਜ਼ਾ ਦਿੱਤਾ ਜਾਂਦਾ ਹੈ। ਇਸ ਵਿਚ 50% ਜਾਂ 10,000/- ਰੁਪਏ ਜੋ ਵੀ ਘੱਟ ਹੋਵੇ, ਸਬਸਿਡੀ ਕਾਰਪੋਰੇਸ਼ਨ ਵਲੋਂ ਦਿੱਤੀ ਜਾਂਦੀ ਹੈ।

**ਕਰਜ਼ੇ ਲਈ ਸ਼ਰਤਾਂ**

(ੳ) ਆਮਦਨ:- ਲਾਭਪਾਤਰੀ ਦੀ ਸਲਾਨਾ ਪਰਿਵਾਰਕ ਆਮਦਨ ਗਰੀਬੀ ਦੀ ਰੇਖਾ ਤੋਂ ਵੱਧ ਨਹੀਂ ਹੋਣੀ ਚਾਹੀਦੀ ਜਿਵੇਂ ਕਿ ਸ਼ਹਿਰੀ ਖੇਤਰਾਂ ਵਿਚ ਸਲਾਨਾ ਆਮਦਨ 27,242/- ਰੁਪਏ ਤੋਂ ਅਤੇ ਪੇਂਡੂ ਖੇਤਰਾਂ ਵਿਚ 19,654/- ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ। ਸਿਰਫ ਬੀ.ਪੀ.ਐਲ. ਪਰਿਵਾਰਾਂ ਤੇ ਪੀਲੇ ਕਾਰਡ ਵਾਲਿਆਂ ਨੂੰ ਹੀ ਇਸ ਸਕੀਮ ਅਧੀਨ ਕਰਜ਼ਾ ਦਿੱਤਾ ਜਾਂਦਾ ਹੈ।

(ਅ) ਵਿਆਜ ਦੀ ਦਰ ਅਤੇ ਵਸੂਲੀ ਸਬੰਧੀ ਸ਼ਰਤਾਂ ਬੈਂਕ ਦੇ ਨਿਯਮਾਂ ਮੁਤਾਬਕ ਹੋਣਗੀਆਂ।

(ੲ) ਕਰਜ਼ਾ ਲੈਣ ਦੀ ਵਿਧੀ:- ਕਰਜ਼ਾ ਫਾਰਮ ਜ਼ਿਲ੍ਹਾ ਮੈਨੇਜਰ ਤੋਂ ਮੁਫਤ ਪ੍ਰਾਪਤ ਕਰਕੇ ਮਿਉਂਸਪਲ ਕਮਿਸ਼ਨਰ/ਕੌਂਸਲਰ ਤੋਂ ਪਿੰਡਾਂ ਵਿਚ ਸਰਪੰਚ ਜਾਂ ਮੈਂਬਰ ਪੰਚਾਇਤ ਤੋਂ ਤਸਦੀਕ ਕਰਵਾ ਕੇ ਜ਼ਿਲ੍ਹਾ ਮੈਨੇਜਰ ਦੇ ਦਫ਼ਤਰ ਵਿਚ ਦੇਣਾ ਪੈਂਦਾ ਹੈ। ਜੇਕਰ ਪੀਲਾ ਕਾਰਡ ਹੋਵੇ ਤਾਂ ਇਸ ਦੀ ਇਕ ਤਸਦੀਕ ਸ਼ੁਦਾ ਫੋਟੋ ਕਾਪੀ ਫਾਰਮ ਨਾਲ ਨੱਥੀ ਕੀਤੀ ਜਾਵੇ। ਪੀਲਾ ਕਾਰਡ ਨਾ ਹੋਵੇ ਤਾਂ ਹਲਫੀਆ ਬਿਆਨ ਓਥ ਕਮਿਸ਼ਨਰ/ਮੈਜਿਸਟਰੇਟ ਤੋਂ ਤਸਦੀਕ ਕਰਵਾ ਕੇ ਫਾਰਮ ਨਾਲ ਨੱਥੀ ਕੀਤਾ ਜਾਵੇ। ਇਸ ਤੋਂ ਇਲਾਵਾ ਅਨੁਸੂਚਿਤ ਜਾਤੀ ਦੇ ਸਰਟੀਫਿਕੇਟ ਦੀ ਫੋਟੋ ਕਾਪੀ ਅਤੇ ਰਾਸ਼ਨ ਕਾਰਡ ਦੀ ਫੋਟੋ ਕਾਪੀ ਵੀ ਨਾਲ ਨੱਥੀ ਕੀਤੀ ਜਾਵੇ।

**ਸਿੱਧਾ ਕਰਜ਼ਾ ਸਕੀਮ**

ਇਸ ਸਕੀਮ ਅਧੀਨ 10000/- ਰੁਪਏ ਤੋਂ ਲੈ ਕੇ 3 ਲੱਖ ਰੁਪਏ ਤੱਕ ਕਰਜ਼ਾ ਕੋਈ ਵੀ ਧੰਦਾ/ਕਿੱਤਾ ਕਰਨ ਲਈ ਦਿੱਤਾ ਜਾਂਦਾ ਹੈ। ਪਰੰਤੂ ਇਹ ਕਰਜ਼ਾ ਫੰਡਜ਼ ਉਪਲੱਬਧ ਹੋਣ ਦੀ ਸੂਰਤ ਵਿਚ ਹੀ ਦਿੱਤਾ ਜਾਂਦਾ ਹੈ।

**ਕਰਜ਼ੇ ਦੀਆਂ ਸ਼ਰਤਾਂ**

(ੳ) ਇਸ ਸਕੀਮ ਲਈ ਆਮਦਨੀ ਦੀ ਕੋਈ ਹੱਦ ਨਹੀਂ ਹੈ।

(ਅ) ਕਰਜ਼ਾ ਫਾਰਮ ਜ਼ਿਲ੍ਹਾ ਮੈਨੇਜਰ ਦੇ ਦਫ਼ਤਰ ਤੋਂ ਮੁਫ਼ਤ ਮਿਲਦੇ ਹਨ। ਫਾਰਮ ਭਰਕੇ ਤੇ ਪਾਸਪੋਰਟ ਸਾਈਜ਼ ਦੀਆਂ ਤਿੰਨ ਤਸਦੀਕਸ਼ੁਦਾ ਫੋਟੋਆਂ ਅਨੁਸੂਚਿਤ ਜਾਤੀ ਦਾ ਪ੍ਰਮਾਣਿਤ ਅਧਿਕਾਰੀ ਐਸ.ਡੀ.ਐਮ./ਤਹਿਸੀਲਦਾਰ ਤੋਂ ਪ੍ਰਾਪਤ ਅਸਲ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ (ਫੋਟੋ ਸਟੇਟ) ਨਾਲ ਨੱਥੀ

ਕਰਕੇ ਜ਼ਿਲ੍ਹਾ ਮੈਨੇਜਰ ਨੂੰ ਦਿੱਤਾ ਜਾਣਾ ਜ਼ਰੂਰੀ ਹੈ।

(ੲ) ਕਰਜ਼ੇ ਦੀ ਰਕਮ ਦੇ ਬਰਾਬਰ ਦੀ ਕੀਮਤ ਦੀ ਅਚਲ ਜਾਇਦਾਦ ਦੀ ਜਮਾਨਤ ਲੋੜੀਂਦੀ ਹੈ। ਇਸ ਵਾਸਤੇ ਮਲਕੀਅਤ ਸਰਟੀਫਿਕੇਟ ਪੇਂਡੂ ਇਲਾਕੇ ਵਿਚ ਮਾਲ ਅਧਿਕਾਰੀ (ਪਟਵਾਰੀ, ਤਹਿਸੀਲਦਾਰ), ਸ਼ਹਿਰੀ ਇਲਾਕੇ ਵਿਚ ਨਗਰ ਪਾਲਿਕਾ ਦੇ ਸਾਖਤਾ ਅਫ਼ਸਰ ਜਾਂ ਕਾਰਜ ਸਾਧਕ ਅਫ਼ਸਰ ਦੇ ਚਲਦੇ ਹਨ। ਇਹ ਜਮਾਨਤ ਲਾਭਪਾਤਰੀ ਦੀ ਬਜਾਏ ਕੋਈ ਦੂਜਾ ਵਿਅਕਤੀ ਵੀ ਦੇ ਸਕਦਾ ਹੈ।

(ਸ) ਵਿਆਜ ਦੀ ਦਰ 3% ਤੋਂ 8% ਸਲਾਨਾ ਹੈ।

(ਹ) ਇਹ ਕਰਜਾ ਕਾਰਪੋਰੇਸ਼ਨ ਵਲੋਂ ਦਿੱਤੇ ਸਮੇਂ ਅੰਦਰ ਮਨਜੂਰੀ ਪੱਤਰ/ਆੜ ਰਹਿਣਨਾਮਾ ਦੀਆਂ ਸ਼ਰਤਾਂ ਅਨੁਸਾਰ ਵਾਪਿਸ ਕਰਨਾ ਹੈ ਨਹੀਂ ਤਾਂ 5% ਦੰਡ ਵਿਆਜ ਵੀ ਵਸੂਲਿਆ ਜਾਂਦਾ ਹੈ।

**ਉਚੇਰੀ ਸਿੱਖਿਆ ਲਈ ਕਰਜ਼ਾ ਸਕੀਮ**

ਡਿਗਰੀ ਦੀ ਉਚੇਰੀ ਸਿੱਖਿਆ ਡਿਪਲੋਮਾ ਅਤੇ ਐਮ.ਬੀ.ਬੀ.ਐਸ., ਬੀ.ਡੀ.ਐਸ., ਵੈਟਨਰੀ ਇੰਜੀਨਿਅਰਿੰਗ, ਆਰਕੀਟੈਕਚਰ, ਡਰਾਫਟਸਮੈਨ, ਖੇਤੀਬਾੜੀ ਦੀ ਐਮ.ਐਸ.ਸੀ. ਆਦਿ ਲਈ ਕਰਜ਼ਾ ਦਿੱਤਾ ਜਾਂਦਾ ਹੈ।

**ਕਰਜ਼ੇ ਲਈ ਸ਼ਰਤਾਂ**

(ੳ) ਕਰਜ਼ਾ ਲੈਣ ਦੀ ਵਿਧੀ ਉਪਰੋਕਤ ਸਿੱਧਾ ਕਰਜ਼ਾ ਸਕੀਮ ਅਨੁਸਾਰ ਹੈ।

(ਅ) ਇਸ ਸਕੀਮ ਅਧੀਨ 10000/- ਰੁਪਏ ਪ੍ਰਤੀ ਪੜ੍ਹਾਈ/ਸਾਲ/ਕੋਰਸ ਦੇ ਪੂਰੇ ਸਮੇਂ ਲਈ ਸਲਾਨਾ ਕਿਸ਼ਤਾਂ ਵਿਚ ਦਿੱਤਾ ਜਾਵੇਗਾ। ਕੋਰਸ ਖਤਮ ਹੋਣ ਤੋਂ ਇਕ ਸਾਲ ਬਾਅਦ 42 ਮਾਸਿਕ ਕਿਸ਼ਤਾਂ ਵਿਚ ਵਸੂਲੀ ਕੀਤੀ ਜਾਵੇਗੀ।

**ਜ਼ਮੀਨ ਖਰੀਦਣ ਲਈ ਕਰਜ਼ਾ ਸਕੀਮ**

ਖੇਤੀ ਲਈ ਜ਼ਮੀਨ ਖਰੀਦਣ ਵਾਸਤੇ 2 ਲੱਖ ਕਰਜ਼ਾ ਦਿੱਤਾ ਜਾਂਦਾ ਹੈ।

**ਕਰਜ਼ਾ ਲੈਣ ਲਈ ਸ਼ਰਤਾਂ**

(ੳ) ਕਰਜ਼ਾ ਲੈਣ ਦੀ ਵਿਧੀ ਉਪਰੋਕਤ ਅਨੁਸਾਰ ਹੀ ਹੈ।

(ਅ) ਖਰੀਦੀ ਜਾਣ ਵਾਲੀ ਜ਼ਮੀਨ ਕਾਰਪੋਰੇਸ਼ਨ ਦੇ ਹੱਕ ਵਿਚ ਆੜ ਰਹਿਣ ਕਰਵਾਉਣੀ ਪੈਂਦੀ ਹੈ।

(ੲ) ਕਰਜ਼ਾ ਵਿਆਜ ਸਮੇਤ 15 ਸਾਲਾਂ ਵਿਚ ਛਿਮਾਹੀ ਕਿਸ਼ਤਾਂ ਰਾਹੀਂ ਵਾਪਸ ਕਰਨਾ ਪੈਂਦਾ ਹੈ। ਸਮੇਂ ਸਿਰ ਕਿਸ਼ਤਾਂ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿਚ 5% ਦੰਡ ਵਿਆਜ ਵੀ ਵਸੂਲਿਆ ਜਾਂਦਾ ਹੈ।

**ਐਨ.ਐਸ.ਐਫ.ਡੀ.ਸੀ. ਸਕੀਮ**

ਨੈਸ਼ਨਲ ਸ਼ਡਿਯੂਲਡ ਕਾਸਟ ਤੇ ਵਿੱਤ ਕਾਰਪੋਰੇਸ਼ਨ ਨਵੀਂ ਦਿੱਲੀ ਦੇ ਸਹਿਯੋਗ ਨਾਲ ਚੱਲ ਰਹੀ ਸਕੀਮ ਅਧੀਨ ਉਹਨਾਂ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਕਰਜ਼ਾ ਦਿੱਤਾ ਜਾਂਦਾ ਹੈ, ਜਿਹਨਾਂ ਦੀ ਆਮਦਨ 39308/- ਰੁਪਏ ਸਲਾਨਾ ਅਤੇ ਉਮਰ 50 ਸਾਲ ਤੋਂ ਘੱਟ ਹੁੰਦੀ ਹੈ। ਇਸ ਸਾਲ 26 ਕਰਜਾ ਕੇਸਾਂ ਦਾ ਟੀਚਾ ਨਿਸ਼ਚਿਤ ਕੀਤਾ ਗਿਆ ਹੈ। ਰਕਮ 50,000/- ਰੁਪਏ ਹੁੰਦੀ ਹੈ। ਬਾਕੀ ਸ਼ਰਤਾਂ ਸਿੱਧਾ ਕਰਜਾ ਸਕੀਮ ਵਾਲੀਆਂ ਹੀ ਹਨ। ਇਸ ਸਕੀਮ ਵਿਚੋਂ 5000/- ਰੁਪਏ ਦੀ ਕੈਪੀਟਲ ਰਕਮ ਤੇ ਬੀਮਾ ਦੀ ਰਕਮ ਬਿਨੈਕਾਰ ਨੇ ਆਪਣੇ ਕੋਲੋਂ ਜਮ੍ਹਾਂ ਕਰਵਾਉਣੀ ਹੈ।

**ਐਨ.ਐਸ.ਕੇ.ਐਫ.ਡੀ.ਸੀ. ਸਕੀਮ**

ਨੈਸ਼ਨਲ ਸ਼ਡਿਯੂਲਡ ਕਾਸਟ ਸਫਾਈ ਕਰਮਚਾਰੀ ਤੇ ਵਿੱਤ ਕਾਰਪੋਰੇਸ਼ਨ ਨਵੀਂ ਦਿੱਤੀ ਦੇ ਸਹਿਯੋਗ ਨਾਲ ਚਲ ਰਹੀ ਸਕੀਮ ਅਧੀਨ ਮਿਉਂਸੀਪਲ ਕਮੇਟੀ ਵਿਚ ਸਫਾਈ ਕਰਮਚਾਰੀਆਂ ਤੇ ਆਸ਼ਰਿਤ ਪਰਿਵਾਰ ਦੇ ਵਿਅਕਤੀਆਂ ਨੂੰ 50,000/- ਰੁਪਏ ਤੱਕ ਵੱਖ-ਵੱਖ ਸਕੀਮ ਅਧੀਨ ਕਰਜ਼ਾ ਦਿੱਤਾ ਜਾਂਦਾ ਹੈ। ਜਿਸ ਵਿਚ 6% ਸਲਾਨਾ ਵਿਆਜ ਹੁੰਦਾ ਹੈ ਅਤੇ ਕਮੇਟੀ ਦੇ ਪੱਕੇ ਮੁਲਾਜਮ ਦੀ ਪੱਕੀ ਨੌਕਰੀ ਦੀ ਜਮਾਨਤ ਲਈ ਜਾਂਦੀ ਹੈ। ਇਸ ਸਾਲ ਵਿਚ ਸਕੀਮ ਅਧੀਨ 15 ਕਰਜ਼ਾ ਕੇਸ ਕਰਨ ਦਾ ਟੀਚਾ ਹੈ।

**ਐਨ.ਐਚ.ਐਫ.ਡੀ.ਸੀ. ਸਕੀਮ**

ਨੈਸ਼ਨਲ ਹੈਂਡੀਕੈਪਡ ਵਿੱਤ ਕਾਰਪੋਰੇਸ਼ਨ ਫਰੀਦਾਬਾਦ ਦੇ ਸਹਿਯੋਗ ਨਾਲ ਇਹ ਸਕੀਮ ਚਲਾਈ ਜਾ ਰਹੀ ਹੈ। ਜਿਸ ਵਿਚ ਕੋਈ ਵੀ ਵਿਅਕਤੀ ਜੋ 40% ਹੈਂਡੀਕੈਪਡ ਹੋਵੇ, ਨੂੰ ਵੱਖ-ਵੱਖ ਕੰਮਾਂ ਲਈ ਕਰਜ਼ਾ ਦਿੱਤਾ ਜਾਂਦਾ ਹੈ। ਬਾਕੀ ਸ਼ਰਤਾਂ ਸਿੱਧਾ ਕਰਜ਼ਾ ਸਕੀਮ ਵਾਲੀਆਂ ਹੀ ਹੁੰਦੀਆਂ ਹਨ। ਹੈਂਡੀਕੈਪਡ ਵਿਅਕਤੀ ਨਾਲ ਹੋਰ ਆਮ ਵਿਅਕਤੀ ਉਸ ਦੀ ਕੰਮ ਕਰਨ ਵਿਚ ਮਦਦ ਕਰ ਸਕਦਾ ਹੈ। ਕਰਜ਼ਾ ਜਮਾਨਤ ਅਚੱਲ ਜਾਇਦਾਦ ਦੀ ਹੀ ਹੋਵੇਗੀ।